ਚੰਡੀਗੜ੍ਹ ਅਜੀਤ 6
ਅਜੀਤ ਚੰਡੀਗੜ੍ਹ
ਮੰਗਲਵਾਰ, 4 ਜਨਵਰੀ, 2022

# ਕੋਰੋਨਾ ਕਾਰਨ ਰੋਕ ਗਾਰਡਨ ਤੇ ਬਰਡ ਪਾਰਕ ਅਗਲੇ ਆਦੇਸ਼ਾਂ ਤੱਕ ਬੰਦ



ਪੰਜਾਬ ਦੇ ਰਾਜਪਾਲ ਤੇ ਚੰਡੀਗੜ੍ਹ ਪ੍ਰਸ਼ਾਸਕ ਬਨਵਾਰੀ ਲਾਲ ਪੁਰੋਹਿਤ ਵਾਰ ਰੂਮ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਨਾਲ ਸਲਾਹਕਾਰ ਧਰਮਪਾਲ ਤੇ ਹੋਰ ਪ੍ਰਸ਼ਾਸਨਿਕ ਅਧਿਕਾਰੀ ਵੀ ਬੈਠੇ ਹਨ। ਤਸਵੀਰ : ਗੁਰਿੰਦਰ ਸਿੰਘ

## ਪੰਜਾਬ ਦੇ ਰਾਜਪਾਲ ਤੇ ਚੰਡੀਗੜ੍ਹ ਯੂ. ਟੀ. ਪ੍ਰਸ਼ਾਸਕ ਬਨਵਾਰੀ ਲਾਲ ਪੁਰੋਹਿਤ ਵਲੋਂ ਅਧਿਕਾਰੀਆਂ ਨਾਲ ਮੀਟਿੰਗ

## ਹਸਪਤਾਲਾਂ 'ਚ ਆਕਸੀਜਨ ਦੀ ਸਹੀ ਸਪਲਾਈ ਤੇ ਬਿਸਤਰਿਆਂ ਦੀ ਉਪਲਬਧਤਾ ਯਕੀਨੀ ਬਣਾਉਣ ਦੇ ਨਿਰਦੇਸ਼

ਚੰਡੀਗੜ੍ਹ, 3 ਜਨਵਰੀ (ਮਨਜੋਤ ਸਿੰਘ ਜੋਤ)-ਚੰਡੀਗੜ੍ਹ ਪ੍ਰਸ਼ਾਸਨ ਵਲੋਂ ਕੋਰੋਨਾ ਵਾਇਰਸ ਦੇ ਵੱਧ ਰਹੇ ਮਾਮਲਿਆਂ ਦੇ ਮੱਦੇਨਜ਼ਰ ਰੋਕ ਗਾਰਡਨ ਤੇ ਚੰਡੀਗੜ੍ਹ ਬਰਡ ਪਾਰਕ ਨੂੰ ਅਗਲੇ ਆਦੇਸ਼ਾਂ ਤੱਕ ਤੁਰੰਤ ਪ੍ਰਭਾਵ ਨਾਲ ਬੰਦ ਕਰਨ ਦਾ ਫ਼ੈਸਲਾ ਲਿਆ ਗਿਆ ਹੈ। ਇਹ ਫ਼ੈਸਲਾ ਅੱਜ ਪੰਜਾਬ ਦੇ ਰਾਜਪਾਲ ਤੇ ਚੰਡੀਗੜ੍ਹ ਯੂ. ਟੀ. ਪ੍ਰਸ਼ਾਸਕ ਬਨਵਾਰੀ ਲਾਲ ਪੁਰੋਹਿਤ ਨੇ ਵਾਰ ਰੂਮ ਮੀਟਿੰਗ ਦੌਰਾਨ ਲਿਆ। ਇਸ ਦੇ ਨਾਲ ਹੀ ਉਨ੍ਹਾਂ ਨੇ ਸਥਿਤੀ ਦਾ ਮੁਕਾਬਲਾ ਕਰਨ ਲਈ ਹਸਪਤਾਲਾਂ 'ਚ ਆਕਸੀਜਨ ਦੀ ਸਹੀ ਸਪਲਾਈ ਤੇ ਬਿਸਤਰਿਆਂ ਦੀ ਉਪਲਬਧਤਾ ਨੂੰ ਯਕੀਨੀ ਬਣਾਉਣ, ਟੈਸਟਿੰਗ ਨੂੰ ਤੇਜ਼ ਕਰਨ ਤੇ ਟੀਕਿਆਂ ਨੂੰ ਵਧਾਉਣ ਦੇ ਨਿਰਦੇਸ਼ ਦਿੱਤੇ। ਸਕੱਤਰ ਸਿਹਤ ਯਸ਼ਪਾਲ ਗਰਗ ਨੇ ਦੱਸਿਆ ਕਿ ਕੋਵਿਡ ਦੀਆਂ ਜ਼ਰੂਰੀ ਦਵਾਈਆਂ ਲਈ ਬਫਰ ਸਟਾਕ ਪਹਿਲਾਂ ਹੀ ਖ਼ਰੀਦ ਲਿਆ ਗਿਆ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਸ਼ਹਿਰ ਦੀਆਂ ਸਿਹਤ ਸੰਸਥਾਵਾਂ 'ਚ 53.8 ਮੀਟ੍ਰਿਕ ਟਨ ਆਕਸੀਜਨ ਉਪਲਬਧ ਹੈ ਜਦ ਕਿ ਇਸ ਦੀ ਲੋੜ 49.5 ਮੀਟ੍ਰਿਕ ਟਨ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਬਾਲਗ ਤੇ ਬੱਚਿਆਂ ਦੋਵਾਂ ਲਈ ਕੋਵਿਡ ਟੀਕਾਕਰਨ ਦਾ ਕਾਫ਼ੀ ਸਟਾਕ ਹੈ। ਬੈਠਕ 'ਚ ਪ੍ਰਸ਼ਾਸਕ ਦੇ ਸਲਾਹਕਾਰ ਧਰਮਪਾਲ, ਡਾਇਰੈਕਟਰ ਜਨਰਲ ਪੁਲਿਸ ਚੰਡੀਗੜ੍ਹ ਪਰਵੀਰ ਸਿੰਘ, ਗ੍ਰਹਿ ਸਕੱਤਰ ਨਿਤਿਨ ਕੁਮਾਰ ਯਾਦਵ, ਵਿੱਤ ਸਕੱਤਰ ਵਿਜੇ ਨਾਮਦੇਓਰਾਓ ਜ਼ਾਦੇ, ਸਕੱਤਰ ਸਿਹਤ ਯਸ਼ਪਾਲ ਗਰਗ, ਚੀਫ਼ ਕੰਜ਼ਰਵੇਟਰ ਆਫ਼ ਫਾਰੈਸਟ ਦੇਬੇਂਦਰ ਦਲਾਈ, ਨਗਰ ਨਿਗਮ ਕਮਿਸ਼ਨਰ ਅਨਿੰਦਿਤਾ ਮਿਤਰਾ, ਡਿਪਟੀ ਕਮਿਸ਼ਨਰ ਵਿਨੇ ਪ੍ਰਤਾਪ ਸਿੰਘ, ਸਕੱਤਰ ਸਿੱਖਿਆ ਐਸ. ਐਸ. ਗਿੱਲ, ਪੀ. ਜੀ. ਆਈ. ਦੇ ਡਾਇਰੈਕਟਰ ਤੇ ਡਾਇਰੈਕਟਰ ਸਿਹਤ ਸੇਵਾਵਾਂ ਮੌਜੂਦ ਸਨ।



ਚੰਡੀਗੜ੍ਹ ਪ੍ਰਸ਼ਾਸਨ ਦੇ ਹੁਕਮਾਂ ਤੋਂ ਬਾਅਦ ਸੁਖਨਾ ਝੀਲ ਦੇ ਰਸਤੇ ਬੰਦ ਕਰਦੇ ਹੋਏ ਪੁਲਿਸ ਕਰਮੀ। ਤਸਵੀਰ : ਗੁਰਿੰਦਰ ਸਿੰਘ



ਚੰਡੀਗੜ੍ਹ ਸੁਖਨਾ ਝੀਲ 'ਤੇ ਲਗਾਏ ਵੈਕਸੀਨ ਕੈਂਪ ਦੌਰਾਨ ਲੋਕਾਂ ਦੀਆਂ ਲੱਗੀਆਂ ਲੰਬੀਆਂ ਲਾਈਨਾਂ ਤੇ ਟੀਕਾ ਲਵਾਉਂਦੇ ਲੋਕ। ਤਸਵੀਰਾਂ : ਗੁਰਿੰਦਰ ਸਿੰਘ

## ਚੰਡੀਗੜ੍ਹ 'ਚ 15 ਤੋਂ 18 ਸਾਲ ਉਮਰ ਦੇ ਬੱਚਿਆਂ ਦਾ ਟੀਕਾਕਰਨ ਸ਼ੁਰੂ

### ਟੀਕਾਕਰਨ ਕੇਂਦਰਾਂ 'ਚ ਲੱਗੀਆਂ ਲੰਬੀਆਂ ਕਤਾਰਾਂ

ਚੰਡੀਗੜ੍ਹ, 3 ਜਨਵਰੀ (ਮਨਜੋਤ ਸਿੰਘ ਜੋਤ)-ਚੰਡੀਗੜ੍ਹ 'ਚ 15 ਤੋਂ 18 ਸਾਲ ਉਮਰ ਤੱਕ ਦੇ ਬੱਚਿਆਂ ਦਾ ਟੀਕਾਕਰਨ ਸ਼ੁਰੂ ਹੋ ਗਿਆ। ਪਹਿਲੇ ਦਿਨ ਟੀਕਾਕਰਨ ਮੁਹਿੰਮ ਨੂੰ ਕਾਫ਼ੀ ਉਤਸ਼ਾਹਜਨਕ ਹੁੰਗਾਰਾ ਮਿਲਿਆ। ਟੀਕਾਕਰਨ ਕੇਂਦਰਾਂ 'ਚ ਵੱਡੀ ਗਿਣਤੀ 'ਚ ਲੋਕ ਵੈਕਸੀਨ ਲਗਾਉਂਣ ਲਈ ਪੁੱਜੇ ਹੋਏ ਸਨ, ਜਿਸ ਦੇ ਚੱਲਦਿਆਂ ਟੀਕਾਕਰਨ ਕੇਂਦਰਾਂ 'ਤੇ ਲੰਬੀਆਂ ਕਤਾਰਾਂ ਲੱਗੀਆਂ ਰਹੀਆਂ। ਜ਼ਿਕਰਯੋਗ ਹੈ ਕਿ ਚੰਡੀਗੜ੍ਹ ਪ੍ਰਸ਼ਾਸਨ ਨੇ ਅਹਿਮ ਸਥਾਨਾਂ ਤੇ ਸਰਕਾਰੀ ਦਫ਼ਤਰਾਂ 'ਚ ਜਾਣ ਲਈ ਵੈਕਸੀਨ ਦੀਆਂ ਦੋਵੇਂ ਖ਼ੁਰਾਕਾਂ ਲੱਗੀਆਂ ਹੋਣ ਦੇ ਪਿਛਲੇ ਦਿਨੀ ਆਦੇਸ਼ ਜਾਰੀ ਕੀਤੇ ਗਏ ਸਨ। ਜਿਸ ਤੋਂ ਬਾਅਦ ਲੋਕਾਂ ਵਲੋਂ ਵੈਕਸੀਨ ਲਗਵਾਈ ਜਾ ਰਹੀ ਹੈ। ਇਸ ਦੇ ਨਾਲ ਹੀ ਅੱਜ ਯੂ. ਟੀ. ਪ੍ਰਸ਼ਾਸਕ ਦੇ ਸਲਾਹਕਾਰ ਧਰਮਪਾਲ ਨੇ ਬੱਚਿਆਂ ਨੂੰ ਕੋਵਿਡ ਟੀਕਾਕਰਨ ਦੇ ਪ੍ਰਬੰਧਾਂ ਦੀ ਸਮੀਖਿਆ ਕੀਤੀ। ਮੀਟਿੰਗ 'ਚ ਫ਼ੈਸਲਾ ਲਿਆ ਗਿਆ ਕਿ ਟੀਕਾਕਰਨ ਕੈਂਪ ਲਈ ਸਰਦੀਆਂ ਦੀ ਛੁੱਟੀਆਂ ਤੋਂ ਬਾਅਦ ਸਕੂਲਾਂ ਦੇ ਦੁਬਾਰਾ ਖੁੱਲ੍ਹਣ ਦੀ ਉਡੀਕ ਕਰਨ ਦੀ ਲੋੜ ਨਹੀਂ ਹੈ। ਇਸ ਲਈ ਕੱਲ੍ਹ ਤੋਂ ਹੀ ਸਕੂਲਾਂ 'ਚ ਟੀਕਾਕਰਨ ਕੈਂਪ ਸ਼ੁਰੂ ਹੋ ਜਾਵੇਗਾ। ਟੀਕਾਕਰਨ ਕੈਂਪ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਸੈਕਟਰ 8 ਬੀ, ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਸੈਕਟਰ 10, ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਸੈਕਟਰ 35, ਡੀ. ਏ. ਵੀ. ਸੀਨੀਅਰ ਸੈਕੰਡਰੀ ਸਕੂਲ ਸੈਕਟਰ-8 ਸੀ, ਸ੍ਰੀ ਗੁਰੂ ਗੋਬਿੰਦ ਸਿੰਘ ਹਾਈ ਸਕੂਲ ਸੈਕਟਰ 35, ਦਿੱਲੀ ਪਬਲਿਕ ਸਕੂਲ ਸੈਕਟਰ 40 'ਚ ਲੱਗੇਗਾ। ਇਸ ਦੇ ਨਾਲ ਹੀ ਪੀ. ਜੀ. ਆਈ. 'ਚ ਅੱਜ 15 ਤੋਂ 18 ਸਾਲ ਉਮਰ ਦੇ ਬੱਚਿਆਂ ਦਾ ਟੀਕਾਕਰਨ ਦੇ ਪਹਿਲੇ ਦਿਨ 17 ਸਾਲਾ ਮੀਲਿੰਦ ਕੁਮਾਰ ਨੇ ਸਭ ਤੋਂ ਪਹਿਲਾਂ ਵੈਕਸੀਨ ਲਗਵਾਈ। ਇਸ ਮੌਕੇ ਡਾ. ਵਿਜੇ ਤਾਡੀਆ, ਪ੍ਰੋ. ਮਧੂ ਗੁਪਤਾ, ਪ੍ਰੋ. ਸੰਜੇ ਵਰਮਾ ਤੇ ਸੁਨੀਲ ਕੁਮਾਰ ਮੌਜੂਦ ਸਨ।




ਚੰਡੀਗੜ੍ਹ ਸੈਕਟਰ 16 ਹਸਪਤਾਲ 'ਚ ਵੈਕਸੀਨ ਲਵਾਉਣ ਲਈ ਖੜ੍ਹੇ ਲੋਕ ਜਿਨ੍ਹਾਂ 'ਚ 15 ਤੋਂ 18 ਸਾਲ ਦੇ ਬੱਚੇ ਵੀ ਖੜ੍ਹੇ ਹਨ। ਤਸਵੀਰ : ਗੁਰਿੰਦਰ ਸਿੰਘ

## ਚੰਡੀਗੜ੍ਹ 'ਚ ਕੋਰੋਨਾ ਦੇ 75 ਨਵੇਂ ਮਾਮਲੇ

ਚੰਡੀਗੜ੍ਹ, 3 ਜਨਵਰੀ (ਮਨਜੋਤ ਸਿੰਘ ਜੋਤ)-ਚੰਡੀਗੜ੍ਹ 'ਚ ਕੋਰੋਨਾ ਮਾਮਲਿਆਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਅੱਜ ਸ਼ਹਿਰ 'ਚ ਕੋਰੋਨਾ ਦੇ 75 ਨਵੇਂ ਮਾਮਲਿਆਂ ਦੀ ਪੁਸ਼ਟੀ ਹੋਈ ਹੈ ਜਦ ਕਿ 13 ਮਰੀਜ਼ ਸਿਹਤਯਾਬ ਵੀ ਹੋਏ ਹਨ। ਚੰਡੀਗੜ੍ਹ 'ਚ ਕੋਰੋਨਾ ਦੇ ਐਕਟਿਵ ਕੇਸਾਂ ਦੀ ਗਿਣਤੀ ਵੱਧ ਕੇ 383 ਹੋ ਗਈ ਹੈ। ਅੱਜ ਆਏ ਨਵੇਂ ਮਾਮਲੇ ਸੈਕਟਰ-4, 7, 8, 9, 10, 11, 12, 14, 15, 19, 20, 21, 22, 27, 28, 31, 33, 35, 36, 37, 38, 40, 42, 43, 44, 45, 46, 47, 48, 49, 51, ਬਹਿਲਾਣਾ, ਹੱਲੋਮਾਜਰਾ, ਖੁੱਡਾ ਅਲੀਸ਼ੇਰ, ਮਲੋਆ, ਮਨੀਮਾਜਰਾ ਤੇ ਪੀ. ਜੀ. ਆਈ. ਕੈਂਪਸ ਤੋਂ ਹਨ।

### ਪੰਚਕੂਲਾ 'ਚ 47 ਨਵੇਂ ਮਾਮਲੇ ਆਏ ਸਾਹਮਣੇ

ਪੰਚਕੂਲਾ, 3 ਜਨਵਰੀ (ਕਪਿਲ)-ਪੰਚਕੂਲਾ 'ਚ ਕੋਰੋਨਾ ਵਾਇਰਸ ਦੇ 47 ਨਵੇਂ ਪਾਜ਼ੀਟਿਵ ਮਾਮਲੇ ਸਾਹਮਣੇ ਆਏ ਹਨ, ਜਿਨ੍ਹਾਂ 'ਚੋਂ 35 ਕੋਰੋਨਾ ਪਾਜ਼ੀਟਿਵ ਮਰੀਜ਼ ਪੰਚਕੂਲਾ ਦੇ ਹਨ। ਇਸ ਬਾਰੇ ਪੰਚਕੂਲਾ ਦੀ ਸਿਵਲ ਸਰਜਨ ਡਾ. ਮੁਕਤਾ ਕੁਮਾਰ ਨੇ ਦੱਸਿਆ ਕੁਲ ਕੋਰੋਨਾ ਪਾਜ਼ੀਟਿਵ ਵਿਅਕਤੀਆਂ 'ਚ 20 ਪੁਰਸ਼ ਤੇ 15 ਮਹਿਲਾਵਾਂ ਸ਼ਾਮਿਲ ਹਨ। ਉਨ੍ਹਾਂ ਦੱਸਿਆ ਕਿ ਇਸ ਸਮੇਂ ਕੁੱਲ 162 ਲੋਕ ਕੋਰੋਨਾ ਪਾਜ਼ੀਟਿਵ ਹਨ, ਜਿਨ੍ਹਾਂ 'ਚੋਂ 141 ਮਰੀਜ਼ ਹੋਮ ਆਈਸੋਲੇਟ ਹਨ ਜਦ ਕਿ 21 ਮਰੀਜ਼ ਹਸਪਤਾਲ 'ਚ ਜੇਰੇ ਇਲਾਜ ਹਨ। ਅੱਜ ਪਾਜ਼ੀਟਿਵ ਪਾਏ ਮਰੀਜ਼ਾਂ 'ਚੋਂ ਸੈਕਟਰ 11, 12, 16, 24, 26 ਤੇ ਸੈਕਟਰ-4 ਤੋਂ 1-1 ਮਰੀਜ਼, ਕਾਲਕਾ ਤੋਂ 2, ਐਮ. ਡੀ. ਸੀ. 5 ਤੋਂ 6, ਪਿੰਜੌਰ ਤੋਂ 4, ਸੈਕਟਰ-15 ਤੋਂ 2, ਸੈਕਟਰ-20 ਤੋਂ 4, ਸੈਕਟਰ-21 ਤੋਂ 3, ਸੈਕਟਰ-25 ਤੋਂ 4 ਤੇ ਸੈਕਟਰ-6 ਅਤੇ 9 ਤੋਂ ਦੋ-ਦੋ ਮਰੀਜ਼ ਸ਼ਾਮਿਲ ਹਨ।

## ਸਕੋਡਾ ਆਟੋ ਇੰਡੀਆ ਨੇ 2021 'ਚ 3 ਅੰਕਾਂ 'ਚ ਦਰਜ ਕੀਤਾ ਵਾਧਾ

ਚੰਡੀਗੜ੍ਹ, 3 ਜਨਵਰੀ (ਅ. ਬ.)-ਸਕੋਡਾ ਆਟੋ ਇੰਡੀਆ ਨੇ ਸਾਲ 2021 'ਚ 130 ਫ਼ੀਸਦੀ ਦੇ ਤਿਹਾਈ ਅੰਕਾਂ ਦਾ ਵਾਧਾ ਦਰਜ ਕਰਨ ਨਾਲ ਪ੍ਰਭਾਵਸ਼ਾਲੀ ਤਰੀਕੇ ਨਾਲ ਸਾਲ ਦੀ ਸਮਾਪਤੀ ਕੀਤੀ। 2020 'ਚ 10,387 ਕਾਰਾਂ ਦੀ ਵਿੱਕਰੀ ਦੀ ਤੁਲਨਾ 'ਚ ਕੰਪਨੀ ਨੇ 2021 'ਚ 23, 858 ਕਾਰਾਂ ਦੀ ਵਿੱਕਰੀ ਕੀਤੀ। ਕੁਸ਼ਾਕ ਦੇ ਸਫਲਤਾਪੂਰਵਕ ਲਾਂਚ ਨੇ ਵਿੱਕਰੀ 'ਚ ਵਾਧੇ ਨੂੰ ਸਹਾਰਾ ਦਿੱਤਾ, ਜਿਸ ਨੇ ਸਾਲ ਦੀ ਕੁਲ ਵਿੱਕਰੀ 'ਚ ਕੁਲ 60 ਫ਼ੀਸਦੀ ਤੇ ਲਾਂਚ ਤੋਂ ਬਾਅਦ ਦੇ ਮਹੀਨੇ 'ਚ ਹੋਈ ਵਿੱਕਰੀ 'ਚ 75 ਫ਼ੀਸਦੀ ਦਾ ਯੋਗਦਾਨ ਦਿੱਤਾ। ਦਸੰਬਰ 2020 'ਚ ਵੇਚੀ ਗਈ 1303 ਯੂਨਿਟ ਦੀ ਤੁਲਨਾ 'ਚ ਦਸੰਬਰ 2021 'ਚ ਵਿੱਕਰੀ 3234 ਇਕਾਈਆਂ ਦੀ ਰਹੀ, ਜਿਸ ਦੇ ਫਲਸਰੂਪ ਮਹੀਨੇ ਦੀ ਵਿੱਕਰੀ 'ਚ 148 ਫ਼ੀਸਦੀ ਦਾ ਵਾਧਾ ਦਰਜ ਕੀਤਾ ਗਿਆ। ਸਕੋਡਾ ਆਟੋ ਇੰਡੀਆ ਦੇ ਬਰਾਂਡ ਨਿਰਦੇਸ਼ਕ ਸ੍ਰੀ ਜੈੱਕ ਹਾਲਿਸ ਨੇ ਕਿਹਾ ਸਕੋਡਾ ਆਟੋ ਇੰਡੀਆ ਦੀ ਪੂਰੀ ਟੀਮ ਲਈ ਸਾਲ 2021 ਉਪਲਬਧੀ ਦਾ ਪ੍ਰਤੀਕ ਹੈ। ਅਸੀਂ ਭਾਰਤ 'ਚ ਵਿਕਾਸ ਦੇ ਇਕ ਨਵੇਂ ਪੜਾਅ ਦੀ ਸ਼ੁਰੂਆਤ ਕਰਦੇ ਹੋਏ ਸਕੋਡਾ ਕੁਸ਼ਾਕ ਨੂੰ ਸਫਲਤਾਪੂਰਨ ਲਾਂਚ ਕੀਤਾ ਹੈ। ਅਸੀਂ ਹਾਲ ਹੀ 'ਚ ਸਲਾਵਿਆ ਨੂੰ ਪੇਸ਼ ਕੀਤਾ। ਇਹ ਪ੍ਰੀਮੀਅਰ ਮੱਧ ਆਕਾਰ ਦੀ ਸੇਢਾਨ ਸਕੋਡਾ ਦੀ ਵਿੱਕਰੀ ਦੇ ਵਾਧੇ ਨੂੰ ਹੋਰ ਤੇਜ਼ ਕਰੇਗੀ, ਜਿਸ 'ਚ ਕੁਸ਼ਾਕ ਦੀ ਵਜ੍ਹਾ ਨਾਲ ਤੇਜ਼ੀ ਆਈ ਹੈ।

**ਕੁਸ਼ਾਕ ਦੇ ਸਫਲ ਲਾਂਚ ਨਾਲ ਮਿਲੀ ਮਦਦ**

## ਕਾਂਗਰਸੀ ਕੌਂਸਲਰ ਰਣਨੀਤੀ ਤਹਿਤ ਭਾਜਪਾ 'ਚ ਸ਼ਾਮਿਲ ਹੋ ਰਹੇ-ਜਰਨੈਲ ਸਿੰਘ

ਚੰਡੀਗੜ੍ਹ, 3 ਜਨਵਰੀ (ਅਜੀਤ ਬਿਊਰੋ)-ਆਮ ਆਦਮੀ ਪਾਰਟੀ (ਆਪ) ਚੰਡੀਗੜ੍ਹ ਨੇ ਭਾਜਪਾ ਤੇ ਕਾਂਗਰਸ 'ਤੇ ਜਨਤਾ ਨਾਲ ਧੋਖਾ ਕਰਨ ਦਾ ਦੋਸ਼ ਲਗਾਇਆ ਹੈ। ਚੰਡੀਗੜ੍ਹ ਦੇ ਇੰਚਾਰਜ ਤੇ ਦਿੱਲੀ ਤੋਂ ਵਿਧਾਇਕ ਜਰਨੈਲ ਸਿੰਘ ਨੇ ਜਾਰੀ ਬਿਆਨ 'ਚ ਕਿਹਾ ਕਿ ਦਵਿੰਦਰ ਬਬਲਾ ਦੇ ਉਨ੍ਹਾਂ ਦੀ ਕੌਂਸਲਰ ਪਤਨੀ ਹਰਪ੍ਰੀਤ ਕੌਰ ਬਬਲਾ ਦੇ ਨਾਲ ਕਾਂਗਰਸ 'ਚ ਸ਼ਾਮਿਲ ਹੋਣ ਨਾਲ ਕਾਂਗਰਸ ਤੇ ਭਾਜਪਾ ਦੀ ਮਿਲੀਭੁਗਤ ਦਾ ਪਰਦਾਫਾਸ਼ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਨਗਰ ਨਿਗਮ ਚੋਣਾਂ ਵਿਚ 'ਆਪ' ਦੀ ਜ਼ਬਰਦਸਤ ਜਿੱਤ ਤੋਂ ਦੋਵੇਂ ਪਾਰਟੀਆਂ ਦੇ ਆਗੂ ਬੌਖਲਾ ਗਏ ਹਨ ਤੇ ਨਿਗਮ ਵਿਚ 'ਆਪ' ਨੂੰ ਮੇਅਰ ਦੀ ਕੁਰਸੀ ਤੋਂ ਲਾਂਭੇ ਕਰਨ ਲਈ ਯਤਨਸ਼ੀਲ ਹਨ। 'ਆਪ' ਆਗੂ ਨੇ ਕਿਹਾ ਕਿ ਭਾਜਪਾ ਤੇ ਕਾਂਗਰਸ ਦਿਖਾਵੇ ਲਈ ਦੋ ਵੱਖ-ਵੱਖ ਪਾਰਟੀਆਂ ਹਨ ਪਰ ਅਸਲ 'ਚ ਦੋਵੇਂ ਪਰਦੇ ਪਿੱਛੇ ਇਕ ਹਨ। ਉਨ੍ਹਾਂ ਦਾਅਵਾ ਕੀਤਾ ਕਿ ਕਾਂਗਰਸੀ ਕੌਂਸਲਰ ਰਣਨੀਤੀ ਵਜੋਂ ਭਾਜਪਾ 'ਚ ਸ਼ਾਮਿਲ ਹੋ ਰਹੇ ਹਨ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਭਾਜਪਾ ਦੇ ਨਗਰ ਨਿਗਮ 'ਚ ਫੈਲੇ ਭ੍ਰਿਸ਼ਟਾਚਾਰ ਨੂੰ ਸਿਰਫ਼ ਆਮ ਆਦਮੀ ਪਾਰਟੀ ਹੀ ਲੋਕਾਂ ਦੇ ਸਾਹਮਣੇ ਲਿਆ ਸਕਦੀ ਹੈ। ਇਸ ਲਈ ਭਾਜਪਾ ਨੇ ਕਾਂਗਰਸ ਨਾਲ ਹੱਥ ਮਿਲਾਇਆ ਹੈ ਕਿਉਂਕਿ ਇਹ ਦੋਵੇਂ ਪਾਰਟੀਆਂ ਹੀ ਹੁਣ ਤੱਕ ਨਗਰ ਨਿਗਮ 'ਤੇ ਕਾਬਜ਼ ਰਹੀਆਂ ਹਨ।

### 8 ਨੂੰ ਚੁਣਿਆ ਜਾਵੇਗਾ ਨਵਾਂ ਮੇਅਰ

ਚੰਡੀਗੜ੍ਹ, 3 ਜਨਵਰੀ (ਮਨਜੋਤ ਸਿੰਘ ਜੋਤ)-ਚੰਡੀਗੜ੍ਹ ਦਾ ਨਵਾਂ ਮੇਅਰ 8 ਜਨਵਰੀ ਨੂੰ ਚੁਣਿਆ ਜਾਵੇਗਾ, ਇਸ ਦੇ ਨਾਲ ਹੀ ਸੀਨੀਅਰ ਡਿਪਟੀ ਮੇਅਰ ਤੇ ਡਿਪਟੀ ਮੇਅਰ ਵੀ ਚੁਣਿਆ ਜਾਏਗਾ। ਚੰਡੀਗੜ੍ਹ ਦੇ ਡਿਪਟੀ ਕਮਿਸ਼ਨਰ ਵਿਨੈ ਪ੍ਰਤਾਪ ਸਿੰਘ ਨੇ ਇਸ ਸੰਬੰਧੀ ਨੋਟੀਫਿਕੇਸ਼ਨ ਜਾਰੀ ਕੀਤਾ।

### 'ਆਪ' ਦੀ ਸਰਕਾਰ ਬਣਨ 'ਤੇ ਪਰਲਜ਼ ਤੇ ਚਿੱਟ ਫ਼ੰਡ ਕੰਪਨੀਆਂ ਦੀ ਜਾਇਦਾਦ ਵੇਚ ਕੇ ਮੋੜਾਂਗੇ ਲੋਕਾਂ ਦੇ ਪੈਸੇ-ਚੀਮਾ

ਚੰਡੀਗੜ੍ਹ, 3 ਜਨਵਰੀ (ਅਜੀਤ ਬਿਊਰੋ)-ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਸੀਨੀਅਰ ਆਗੂ ਅਤੇ ਵਿਰੋਧੀ ਧਿਰ ਦੇ ਨੇਤਾ ਸ. ਹਰਪਾਲ ਸਿੰਘ ਚੀਮਾ ਨੇ ਐਲਾਨ ਕੀਤਾ, ਪੰਜਾਬ ਦੇ ਲੋਕਾਂ ਨੂੰ ਨਿਵੇਸ਼ ਦੇ ਨਾਂਅ ਲੁੱਟਣ ਵਾਲੀਆ ਪਰਲਜ਼ ਪ੍ਰਾਈਵੇਟ ਲਿਮਟਿਡ ਤੇ ਹੋਰ ਚਿੱਟ ਫ਼ੰਡ ਕੰਪਨੀਆਂ ਦੀ ਜਾਇਦਾਦ ਵੇਚ ਕੇ ਪੀੜਤ ਲੋਕਾਂ ਦੇ ਪੈਸੇ ਵਾਪਸ ਕਰਵਾਏ ਜਾਣਗੇ। ਪੀੜਤਾਂ ਨੂੰ ਇਨਸਾਫ਼ ਦਿਵਾਉਣ ਲਈ ਨਾ ਕੇਵਲ ਇਨ੍ਹਾਂ ਦੀਆ ਮੰਗਾਂ 'ਆਪ' ਦੇ ਚੋਣ ਮਨੋਰਥ ਪੱਤਰ (ਮੈਨੀਫੈਸਟੋ) ਵਿਚ ਸ਼ਾਮਿਲ ਹੋਣਗੀਆਂ, ਸਗੋਂ ਸਰਕਾਰ ਬਣਨ 'ਤੇ ਹਰ ਤਰਾਂ ਦਾ ਇਨਸਾਫ਼ ਵੀ ਪੀੜਤਾਂ ਨੂੰ ਦਿੱਤਾ ਜਾਵੇਗਾ। ਸ. ਚੀਮਾ ਨੇ ਕਿਹਾ ਸੁਪਰੀਮ ਕੋਰਟ ਦੇ ਹੁਕਮਾਂ ਦੇ ਬਾਵਜੂਦ ਸੱਤਾ 'ਚ ਰਹੇ ਅਕਾਲੀ ਦਲ ਬਾਦਲ, ਕਾਂਗਰਸ ਪਾਰਟੀ ਤੇ ਕੈਪਟਨ ਅਮਰਿੰਦਰ ਸਿੰਘ ਨੇ ਪਰਲਜ਼ ਲਿਮਟਿਡ ਵਲੋਂ ਠੱਗੇ ਲੋਕਾਂ ਦੇ ਪੈਸੇ ਵਾਪਸ ਨਹੀਂ ਕਰਵਾਏ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਕਰੀਬ 25 ਲੱਖ ਲੋਕਾਂ ਨੇ ਕੰਪਨੀ 'ਚ 8 ਕਰੋੜ ਤੋਂ ਜ਼ਿਆਦਾ ਦਾ ਨਿਵੇਸ਼ ਕੀਤਾ ਸੀ। ਚੀਮਾ ਨੇ ਦੋਸ਼ ਲਾਇਆ ਕਿ ਪੰਜਾਬ ਦੇ ਲੋਕਾਂ ਤੋਂ ਕਰੋੜਾਂ ਰੁਪਏ ਨਿਵੇਸ਼ ਕਰਾਉਣ ਵਾਲੀ ਪਰਲਜ਼ ਕੰਪਨੀ ਦੇ ਮਾਲਕਾਂ ਨੇ ਲੋਕਾਂ ਦਾ ਪੈਸਾ ਨਹੀਂ ਮੋੜਿਆ, ਜਿਸ ਕਾਰਨ ਪੰਜਾਬ ਦੇ ਹਜ਼ਾਰਾਂ ਲੋਕ ਆਤਮ ਹੱਤਿਆਵਾਂ ਕਰ ਗਏ।



ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਸੈਕਟਰ 26 ਵਲੋਂ ਕਲਾ ਤੇ ਵਿਰਸੇ ਨੂੰ ਦਰਸਾਉਂਦਾ ਨਵੇਂ ਸਾਲ ਦਾ ਕੈਲੰਡਰ ਜਾਰੀ ਕਰਦੇ ਹੋਏ ਕਾਲਜ ਪ੍ਰਿੰਸੀਪਲ ਡਾ. ਨਵਜੋਤ ਕੌਰ ਨਾਲ ਗੁਰਦੇਵ ਸਿੰਘ ਬਰਾੜ, ਕਰਨਲ (ਸੇਵਾ-ਮੁਕਤ) ਜਸਮੇਰ ਸਿੰਘ ਬਾਲਾ, ਕਰਨਦੀਪ ਸਿੰਘ ਚੀਮਾ ਅਤੇ ਹੋਰ। ਤਸਵੀਰ : ਗੁਰਿੰਦਰ ਸਿੰਘ

## ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਵਲੋਂ ਕਲਾ ਤੇ ਵਿਰਸੇ ਨੂੰ ਦਰਸਾਉਂਦਾ ਕੈਲੰਡਰ ਜਾਰੀ

ਚੰਡੀਗੜ੍ਹ, 3 ਜਨਵਰੀ (ਪ੍ਰੋ: ਅਵਤਾਰ ਸਿੰਘ)-ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਵਲੋਂ ਬਾਰਹ ਮਾਹ ਤੁਖਾਰੀ ਦੇ ਅਧਾਰ 'ਤੇ ਕੈਲੰਡਰ ਪ੍ਰਕਾਸ਼ਿਤ ਕਰਨ ਦਾ ਨਿਵੇਕਲਾ ਉਪਰਾਲਾ ਕੀਤਾ, ਜੋ ਕੁਦਰਤ ਪ੍ਰਤੀ ਪ੍ਰੇਮ ਤੇ ਸਤਿਕਾਰ ਵਾਲੀ ਸਿੱਖ ਵਿਚਾਰਧਾਰਾ ਨੂੰ ਰੂਪਮਾਨ ਕਰਦਾ ਹੈ। ਬਾਰਹ ਮਾਹ ਦੇ ਸੰਦੇਸ਼ ਨੂੰ ਪ੍ਰਸਿੱਧ ਕਲਾਕਾਰ ਦਵਿੰਦਰ ਸਿੰਘ ਦੀਆਂ ਚਿੱਤਰਾਂ (ਪੇਂਟਿੰਗਾਂ) ਰਾਹੀਂ ਕਲਾਤਮਕ ਤੌਰ 'ਤੇ ਪ੍ਰਗਟ ਕੀਤਾ ਗਿਆ ਹੈ। ਸ. ਦਵਿੰਦਰ ਸਿੰਘ ਯਥਾਰਥਵਾਦੀ ਤੇ ਸੰਕੇਤ ਕਲਾ ਦੇ ਮਾਲਕ ਹਨ ਅਤੇ ਉਨ੍ਹਾਂ ਦੀ ਕਲਾ ਸਿੱਖ ਵਿਚਾਰਧਾਰਾ ਤੇ ਫਲਸਫੇ ਨੂੰ ਪੇਸ਼ ਕਰਦੀ ਹੈ। ਗੁਰੂ ਨਾਨਕ ਦੇਵ ਜੀ ਦੀਆਂ ਰਚਨਾਵਾਂ 'ਤੇ ਆਧਾਰਿਤ ਤੇਲ ਚਿੱਤਰਾਂ ਦੀ ਬਾਰਹ ਮਾਹਲੜੀ, ਉਨ੍ਹਾਂ ਦੀਆਂ ਸਭ ਤੋਂ ਮਕਬੂਲ ਰਚਨਾਵਾਂ 'ਚੋਂ ਇਕ ਹੈ। ਗੁਰਮੁਖੀ 'ਚ ਗੁਰਬਾਣੀ-ਪੰਕਤੀ ਕਲਾ ਦੀਆਂ ਇਨ੍ਹਾਂ ਰਚਨਾਵਾਂ ਨੂੰ ਸੰਵਾਰਦੀਆਂ ਹਨ ਅਤੇ ਉਨ੍ਹਾਂ ਨੂੰ ਇਕ ਹੋਰ ਪੱਧਰ ਤੱਕ ਉੱਚੇਰਾ ਕਰਦੀਆਂ ਹਨ। ਗੁਰਮੁਖੀ 'ਚ ਗੁਰਬਾਣੀ ਦੀਆਂ ਪੰਕਤੀਆਂ 'ਤੇ ਕੀਤੀ ਕਲਾਕਾਰੀ ਉਨ੍ਹਾਂ ਦੀ ਕਲਾ ਨੂੰ ਹੋਰ ਸੁਹੱਪਣ ਅਦਾ ਕਰਦੀ ਹੈ। ਬਾਰਹਮਾਹ ਕੈਲੰਡਰ ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਕਾਲਜ ਦੁਆਰਾ ਵਾਤਾਵਰਨ ਦੀ ਸਥਿਰਤਾ ਤੇ ਵਿਰਾਸਤ ਦੀ ਸੰਭਾਲ ਲਈ ਕੀਤੇ ਕਾਰਜਾਂ ਨੂੰ ਦਰਸਾਉਂਦਾ ਇਕ ਨਿਰਸੁਆਰਥ ਉਪਰਾਲਾ ਹੈ। ਇਸ ਮੌਕੇ ਗੁਰਦੇਵ ਸਿੰਘ ਬਰਾੜ, ਪ੍ਰਧਾਨ ਐਸ. ਈ. ਐਸ., ਕਰਨਲ (ਸੇਵਾ-ਮੁਕਤ) ਜਸਮੇਰ ਸਿੰਘ ਬਾਲਾ, (ਸਕੱਤਰ), ਐਸ. ਈ. ਐਸ. ਤੇ ਕਰਨਦੀਪ ਸਿੰਘ ਚੀਮਾ, ਸੰਯੁਕਤ ਸਕੱਤਰ, ਐਸ. ਈ. ਐਸ. ਨੇ ਨਵੀਂ ਸਿੱਖਿਆ ਨੀਤੀ ਵਾਸਤੇ ਰਾਹ ਪੱਧਰਾ ਕਰਨ ਤੇ ਅਮੀਰ ਤੇ ਵਿਭਿੰਨ ਵਿਰਾਸਤ ਦੀ ਬਿਹਤਰ ਸਮਝ ਰੱਖਣ ਲਈ ਪ੍ਰਿੰਸੀਪਲ ਡਾ. ਨਵਜੋਤ ਕੌਰ ਵਲੋਂ ਕੀਤੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਅੰਤ 'ਚ ਕਾਲਜ ਪ੍ਰਿੰਸੀਪਲ ਡਾ. ਨਵਜੋਤ ਕੌਰ ਵਲੋਂ ਧੰਨਵਾਦ ਕੀਤਾ ਗਿਆ।

### ਸੈਕਟਰ 46-ਸੀ ਦੀ ਪਾਰਕ ਵਿਚ ਸਫ਼ਾਈ ਮੁਹਿੰਮ ਦੀ ਸ਼ੁਰੂਆਤ

ਚੰਡੀਗੜ੍ਹ, 3 ਜਨਵਰੀ (ਨਵਿੰਦਰ ਸਿੰਘ ਬੜਿੰਗ)-ਨਗਰ ਨਿਗਮ ਦੇ ਵਾਰਡ ਨੰ: 34 ਤੋਂ ਨਵੇਂ ਚੁਣੇ ਗਏ ਕੌਂਸਲਰ ਗੁਰਪ੍ਰੀਤ ਸਿੰਘ ਗਾਬੀ ਨੇ ਆਪਣੇ ਵਾਰਡ ਅਧੀਨ ਪੈਂਦੇ ਸੈਕਟਰ 46-ਸੀ ਦੀ ਪਾਰਕ 'ਚ ਵੱਡੇ ਪੱਧਰ 'ਤੇ ਸਫ਼ਾਈ ਮੁਹਿੰਮ ਸ਼ੁਰੂ ਕਰਵਾਈ। ਇਸ ਦੌਰਾਨ ਪਾਰਕ 'ਚ ਪਏ ਕਚਰੇ ਤੇ ਹੋਰ ਗੰਦਗੀ ਦੀ ਵੀ ਸਫ਼ਾਈ ਕਰਵਾਈ। ਗਾਬੀ ਨੇ ਕਿਹਾ ਕਿ ਇਸ ਪਾਰਕ 'ਚ ਬਜ਼ੁਰਗ ਜੋੜੇ ਸੈਰ ਆਦਿ ਕਰਨ ਲਈ ਆਉਂਦੇ ਹਨ ਪਰ ਉਨ੍ਹਾਂ ਨੂੰ ਸੈਰ ਦੌਰਾਨ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਉਨ੍ਹਾਂ ਅੱਗੇ ਦੱਸਿਆਂ ਕਿ ਪਾਰਕ 'ਚ ਕਈ ਥਾਵਾਂ ਤੋਂ ਰੇਲਿੰਗ ਟੁੱਟੀ ਪਈ ਹੈ, ਜਿਸ ਦੀ ਜਲਦੀ ਹੀ ਮੁਰੰਮਤ ਕਰਵਾਈ ਜਾਵੇਗੀ ਤੇ ਬੱਚਿਆਂ ਦੇ ਲਈ ਲਗਾਏ ਗਏ ਝੂਲਿਆਂ ਦੀ ਵੀ ਹਾਲਤ ਜਲਦੀ ਸੁਧਾਰੀ ਜਾਵੇਗੀ ਤਾਂਕਿ ਛੋਟੇ ਬੱਚਿਆਂ ਨੂੰ ਝੂਲੇ ਲੈਂਦੇ ਸਮੇਂ ਕੋਈ ਮੁਸ਼ਕਿਲ ਪੇਸ਼ ਨਾ ਆਵੇ।



ਚੰਡੀਗੜ੍ਹ ਸੈਕਟਰ 46 ਦੇ ਪਾਰਕ ਦੀਆਂ ਰੇਲਿੰਗ ਤੇ ਨਵੇਂ ਬਣੇ ਕੌਂਸਲਰ ਗੁਰਪ੍ਰੀਤ ਸਿੰਘ ਗਾਬੀ ਵਲੋਂ ਸ਼ੁਰੂ ਕਰਵਾਏ ਸਫ਼ਾਈ ਮੁਹਿੰਮ ਦੀ ਤਸਵੀਰ। ਤਸਵੀਰ : ਕਮਲਜੀਤ ਸਿੰਘ

## ਸੀ. ਐਮ. ਵਿੰਡੋ ਤੇ ਟਵੀਟਰ ਹੈਂਡਲ 'ਤੇ ਸ਼ਿਕਾਇਤਾਂ ਹੋ ਰਿਹਾ ਨਿਪਟਾਰਾ

ਚੰਡੀਗੜ੍ਹ, 3 ਜਨਵਰੀ (ਐਨ. ਐਸ. ਪਰਵਾਨਾ)-ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਵਲੋਂ ਸਾਬਕਾ ਪ੍ਰਧਾਨ ਮੰਤਰੀ ਭਾਰਤ ਰਤਨ ਸਵ. ਸ੍ਰੀ ਅਟਲ ਬਿਹਾਰੀ ਵਾਜਪਾਈ ਦੇ ਜਨਮ ਦਿਨ 25 ਦਸੰਬਰ ਤੋਂ ਉਨ੍ਹਾਂ ਦੇ ਸੁਸ਼ਾਸਨ ਦੀ ਕਲਪਣਾ ਨੂੰ ਸਾਕਾਰ ਕਰਨ ਲਈ ਸਾਲ 2014 ਤੋਂ ਸ਼ੁਰੂ ਕੀਤੀ ਗਈ ਸੀ. ਐਮ. ਵਿੰਡੋ ਦੀ ਵਿਵਸਥਾ ਸਹੀ ਮਾਇਨੇ 'ਚ ਸੁਸ਼ਾਸਨ ਨੂੰ ਮੂਰਤਰੂਪ ਦੇ ਰਿਹਾ ਹੈ। ਹਰ ਰੋਜ਼ ਔਸਤਨ 347 ਸ਼ਿਕਾਇਤਾਂ ਦਾ ਹੱਲ ਮੁੱਖ ਮੰਤਰੀ ਦਫਤਰ ਵਲੋ ਕੀਤਾ ਗਿਆ ਹੈ, ਜੋ ਇਸ ਗੱਲ ਨੂੰ ਦਰਸਾਉਂਦਾ ਹੈ। ਮੁੱਖ ਮੰਤਰੀ ਦੇ ਓ. ਐਸ. ਡੀ. ਸ੍ਰੀ ਭੁਪੇਸ਼ਵਰ ਦਿਆਲ ਦੇ ਅਨੁਸਾਰ ਇਸ ਵਿਵਸਥਾ 'ਤੇ ਆਈਆ ਸ਼ਿਕਾਇਤਾਂ, ਸਮੱਸਿਆਵਾਂ ਤੇ ਸੁਝਾਅ ਤੇ ਮੁੱਖ ਮੰਤਰੀ ਦਫਤਰ ਵਲੋਂ ਤੁਰੰਤ ਐਕਸ਼ਨ ਲੈ ਕੇ ਉਨ੍ਹਾਂ ਦਾ ਘੱਟ ਤੋਂ ਘੱਟ ਸਮੇਂ ਵਿਚ ਹੱਲ ਕੀਤਾ ਜਾਂਦਾ ਹੈ ਤੇ ਸ਼ਿਕਾਇਤਕਰਤਾ ਨੂੰ ਉਸ ਦੇ ਮੋਬਾਈਲ ਜਾਂ ਰਿ-ਟਵੀਟ ਕਰ ਕੇ ਸੂਚਿਤ ਕੀਤਾ ਜਾਂਦਾ ਹੈ ਕਿ ਉਸ ਦੇ ਵਲੋਂ ਕੀਤੀ ਗਈ ਸ਼ਿਕਾਇਤ ਕਿਸ ਪੱਧਰ 'ਤੇ ਹੈ। ਉਨ੍ਹਾਂ ਨੇ ਦੱਸਿਆ ਕਿ ਸਰਕਾਰ ਦੇ 2624 ਦਿਨਾਂ ਦੇ ਕਾਰਜਕਾਲ ਦੌਰਾਨ 908024 ਸ਼ਿਕਾਇਤਾਂ/ਸੁਝਾਅ ਪ੍ਰਾਪਤ ਹੋਏ ਹਨ ਜੋ ਇਸ ਗੱਲ ਨੂੰ ਦਰਸਾਉਂਦੇ ਹਨ ਕਿ ਸੀ. ਐਮ. ਵਿੰਡੋ 'ਤੇ ਟਵੀਟਰ ਹੈਂਡਲ ਦੀ ਵਿਵਸਥਾ ਲੋਕਾਂ ਨੂੰ ਖ਼ੂਬ ਰਾਸ ਆ ਰਹੀ ਹੈ।



ਸੀ. ਟੀ. ਯੂ. ਮੁਲਾਜ਼ਮ ਆਪਣੀਆਂ ਮੰਗਾਂ ਨੂੰ ਲੈ ਕੇ ਟਰਾਂਸਪੋਰਟ ਡਾਇਰੈਕਟਰ ਦਫ਼ਤਰ ਦੇ ਬਾਹਰ ਨਾਅਰੇਬਾਜ਼ੀ ਕਰਦੇ ਹੋਏ। ਤਸਵੀਰ : ਕਮਲਜੀਤ ਸਿੰਘ

## ਸੀ.ਟੀ.ਯੂ. ਮੁਲਾਜ਼ਮਾਂ ਵਲੋਂ ਯੂ.ਟੀ. ਪ੍ਰਸ਼ਾਸਨ ਖ਼ਿਲਾਫ਼ ਪੁਤਲਾ ਫ਼ੂਕ ਪ੍ਰਦਰਸ਼ਨ 6 ਨੂੰ

ਚੰਡੀਗੜ੍ਹ, 3 ਜਨਵਰੀ (ਮਨਜੋਤ ਸਿੰਘ ਜੋਤ)-ਸੀ. ਟੀ. ਯੂ. ਵਰਕਰਜ਼ ਯੂਨੀਅਨ (ਸਾਂਝਾ ਮੋਰਚਾ) ਦੀ ਅਗਵਾਈ 'ਚ ਸੀ. ਟੀ. ਯੂ. ਦੀਆਂ ਸਾਰੀਆਂ ਜਥੇਬੰਦੀਆਂ ਨੇ ਸੀ. ਟੀ. ਯੂ. ਦੀਆਂ 417 ਬੱਸਾਂ ਦੇ ਫਲੀਟ ਨੂੰ ਪੂਰਾ ਕਰਵਾਉਣ ਲਈ ਤੇ ਕਿੱਲੋਮੀਟਰ ਸਕੀਮ ਵਿਚ ਲਈਆਂ ਜਾ ਰਹੀਆਂ ਪ੍ਰਾਈਵੇਟ ਬੱਸਾਂ ਦੇ ਵਿਰੋਧ 'ਚ 6 ਜਨਵਰੀ ਨੂੰ ਡਾਇਰੈਕਟਰ ਟਰਾਂਸਪੋਰਟ ਦੇ ਦਫ਼ਤਰ ਵਿਖੇ ਯੂ. ਟੀ. ਪ੍ਰਸ਼ਾਸਨ ਖ਼ਿਲਾਫ਼ ਪੁਤਲਾ ਫ਼ੂਕ ਪ੍ਰਦਰਸ਼ਨ ਕਰਨ ਦਾ ਫ਼ੈਸਲਾ ਕੀਤਾ ਹੈ। ਯੂਨੀਅਨ ਆਗੂਆਂ ਜੋਗਿੰਦਰ ਸਿੰਘ, ਭੁਪਿੰਦਰ ਸਿੰਘ, ਨਿਰਮਲ ਸਿੰਘ, ਦਰਸ਼ਨ ਸਿੰਘ, ਦਵਿੰਦਰ ਸਿੰਘ, ਗੁਰਮੇਲ ਸਿੰਘ ਦਾਰਾ, ਨੈਬ ਸਿੰਘ, ਹਰਭਜਨ ਲਾਲ, ਰਵਿੰਦਰ ਸਿੰਘ, ਜਸਵੰਤ ਸਿੰਘ ਜੱਸਾ, ਕੁਲਵੀਰ ਸਿੰਘ, ਜਤਿੰਦਰ ਪਾਲ ਸਿੰਘ, ਬਲਰਾਜ ਸਿੰਘ, ਸ਼ਮਸ਼ੇਰ ਸਿੰਘ ਤੇ ਰਾਜਵੀਰ ਸਿੰਘ ਆਦਿ ਨੇ ਯੂ. ਟੀ. ਪ੍ਰਸ਼ਾਸਨ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਸੀ. ਟੀ. ਯੂ. 'ਚ ਨਿੱਜੀਕਰਨ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਆਗੂਆਂ ਨੇ ਯੂ. ਟੀ. ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਸੀ. ਟੀ. ਯੂ. ਦੀਆ 417 ਬੱਸਾਂ ਦਾ ਫਲੀਟ ਪੂਰਾ ਕੀਤਾ ਜਾਵੇ, ਕਿੱਲੋਮੀਟਰ ਸਕੀਮ 'ਚ ਪ੍ਰਾਈਵੇਟ ਬੱਸਾਂ ਦਾ ਟੈਂਡਰ ਰੱਦ ਕੀਤਾ ਜਾਵੇ, ਖ਼ਾਲੀ ਅਸਾਮੀਆਂ ਤੁਰੰਤ ਭਰੀਆਂ ਜਾਣ, ਆਊਟਸੋਰਸਿੰਗ ਮੁਲਾਜ਼ਮਾਂ ਦਾ ਠੇਕੇਦਾਰ ਵਲੋਂ ਕੀਤਾ ਜਾ ਰਿਹਾ ਆਰਥਿਕ ਸ਼ੋਸ਼ਣ ਬੰਦ ਕੀਤਾ ਜਾਵੇ।

## ਕਈ ਵਿਭਾਗਾਂ ਵਿਚਾਲੇ ਤਾਲਮੇਲ ਕਮੇਟੀ ਗਠਿਤ

ਚੰਡੀਗੜ੍ਹ, 3 ਜਨਵਰੀ (ਵਿਸ਼ੇਸ਼ ਪ੍ਰਤੀਨਿਧ)-ਹਰਿਆਣਾ ਸਰਕਾਰ ਨੇ ਸੂਬੇ 'ਚ ਲਾਜਿਸਟਿਕ ਖੇਤਰ 'ਚ ਉਤਮਤਾ ਤੇ ਕੁਸ਼ਲਤਾ ਨੂੰ ਉਤਸਾਹਤ ਕਰਨ ਤੇ ਲਾਜਿਸਟਿਕਸ ਨਾਲ ਸੰਬੰਧਿਤ ਸਾਰੇ ਹਿੱਤਧਾਰਕਾਂ ਨੂੰ ਇਕ ਮੰਚ 'ਤੇ ਲਿਆਉਣ ਦੇ ਲਈ ਰਾਜ ਲਾਜਿਸਟਿਕਸ ਤਾਲਮੇਲ ਕਮੇਟੀ ਦਾ ਗਠਨ ਕੀਤਾ ਹੈ। ਉਦਯੋਗ ਤੇ ਵਪਾਰ ਵਿਭਾਗ ਦੇ ਇਕ ਬੁਲਾਰੇ ਨੇ ਇਥੇ ਇਹ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮੁੱਖ ਸਕੱਤਰ ਇਸ ਰਾਜ ਲਾਜਿਸਟਿਕਸ ਤਾਲਮੇਲ ਕਮੇਟੀ ਦੇ ਚੇਅਰਮੈਨ ਹੋਣਗੇ। ਇਸੇ ਤਰ੍ਹਾਂ ਮਾਲ ਵਿਭਾਗ ਦੇ ਵਧੀਕ ਮੁੱਖ ਸਕੱਤਰ ਤੇ ਵਿੱਤ ਕਮਿਸ਼ਨਰ, ਬਿਜਲੀ ਵਿਭਾਗ, ਲੋਕ ਨਿਰਮਾਣ (ਭਵਨ ਅਤੇ ਸੜਕਾਂ) ਤੇ ਵਸਤੂਕਲਾ ਵਿਭਾਗ, ਸਿੰਚਾਈ ਅਤੇ ਜਲ ਸੰਸਾਧਨ ਵਿਭਾਗ, ਵਾਤਾਵਰਨ ਅਤੇ ਕਲਾਈਮੇਟ ਬਦਲਾਅ ਵਿਭਾਗ, ਵਿੱਤ ਅਤੇ ਯੋਜਨਾ ਵਿਭਾਗ, ਸਿਵਲ ਏਵੀਏਸ਼ਨ ਵਿਭਾਗ, ਕੌਸ਼ਲ ਵਿਕਾਸ ਅਤੇ ਉਦਯੋਗਿਕ ਸਿਖਲਾਈ ਵਿਭਾਗ, ਸੂਚਨਾ ਤਕਨਾਲੋਜੀ, ਇਲੈਕਟ੍ਰੋਨਿਕਸ ਅਤੇ ਸੰਚਾਰ ਵਿਭਾਗ, ਨਗਰ ਅਤੇ ਗ੍ਰਾਮ ਆਯੋਜਨਾ ਅਤੇ ਸ਼ਹਿਰੀ ਸੰਪਦਾ ਵਿਭਾਗ, ਸ਼ਹਿਰੀ ਸਥਾਨਕ ਵਿਭਾਗ, ਉਦਯੋਗ ਅਤੇ ਵਪਾਰ ਵਿਭਾਗ ਅਤੇ ਟਰਾਂਸਪੋਰਟ ਵਿਭਾਗ ਦੇ ਪ੍ਰਸ਼ਾਸਨਿਕ ਸਕੱਤਰ ਇਸ ਕਮੇਟੀ ਦੇ ਮੈਂਬਰ ਹੋਣਗੇ। ਹਰਿਆਣਾ ਸਪੇਸ ਐਪਲੀਕੇਸ਼ਨ ਸੈਂਟਰ (ਹਰਸਕ) ਦੇ ਚੇਅਰਮੈਨ, ਹਰਿਆਣਾ ਰਾਜ ਉਦਯੋਗਿਕ ਬੁਨਿਆਦੀ ਢਾਂਚਾ ਵਿਕਾਸ ਨਿਗਮ ਦੇ ਪ੍ਰਬੰਧ ਨਿਦੇਸ਼ਕ, ਸੂਖਮ, ਛੋਟੇ ਤੇ ਮੱਧਮ ਉਦਮ ਦੇ ਮਹਾਨਿਦੇਸ਼ਕ ਅਤੇ ਕੇਂਦਰ ਸਰਕਾਰ ਵਲੋਂ ਨਾਮਜਦ ਅਧਿਕਾਰੀ ਵੀ ਇਸ ਕਮੇਟੀ ਦੇ ਮੈਂਬਰ ਹੋਣਗੇ ਜਦ ਕਿ ਉਦਯੋਗ ਅਤੇ ਵਪਾਰ ਵਿਭਾਗ ਦੇ ਮਹਾਨਿਦੇਸ਼ਕ/ਨਿਦੇਸ਼ਕ ਤੇ ਸਕੱਤਰ ਇਸ ਕਮੇਟੀ ਦੇ ਮੈਂਬਰ ਸਕੱਤਰ ਵਜੋ ਕਾਰਜ ਕਰਨਗੇ। ਇਸ ਤੋਂ ਇਲਾਵਾ ਜ਼ਰੂਰਤ ਹੋਣ 'ਤੇ ਕਮੇਟੀ ਕਿਸੇ ਹੋਰ ਮੈਂਬਰ ਨੂੰ ਵਿਸ਼ੇਸ਼ ਇਨਵਾਇਟੀ ਵਜੋ ਸੱਦਾ ਦੇ ਸਕਦੀ ਹੈ। ਕਮੇਟੀ ਦੀ ਮਹੀਨੇ ਵਿਚ ਇਕ ਵਾਰ ਮੀਟਿੰਗ ਹੋਵੇਗੀ। ਬੁਲਾਰੇ ਨੇ ਦਸਿਆ ਕਿ ਰਾਜ ਲਾਜਿਸਟਿਕਸ ਤਾਲਮੇਲ ਕਮੇਟੀ ਸੂਬੇ ਵਿਚ ਲਾਜਿਸਟਿਕਸ ਨਾਲ ਸੰਬੰਧਿਤ ਮਾਮਲਿਆਂ ਲਈ ਸਟੇਟ ਫੋਕਲ ਪੁਆਇੰਟ ਵਜੋ ਕਾਰਜ ਕਰੇਗੀ ਤੇ ਲਾਜਿਸਟਿਕਸ ਉਦਯੋਗ ਦੇ ਵਿਕਾਸ 'ਤੇ ਜ਼ੋਰ ਦੇਵੇਗੀ। ਕਮੇਟੀ ਕੌਮੀ ਲਾਜਿਸਟਿਕਸ ਨੀਤੀ ਦੇ ਅਨੁਸਾਰ ਰਾਜ ਤੇ ਸਿਟੀ ਲਾਜਿਸਟਿਕਸ ਲਈ ਮਾਸਟਰ ਪਲਾਨ ਤਿਆਰ ਕਰੇਗੀ।

## ਪੁਰਾਣੀ ਪੈਨਸ਼ਨ ਨੂੰ ਲੈ ਕੇ ਅਕਾਊਂਟੈਂਟਾਂ ਨੇ ਹਾਈਕੋਰਟ 'ਚ ਕੀਤੀ ਪਟੀਸ਼ਨ ਦਾਇਰ

ਚੰਡੀਗੜ੍ਹ, 3 ਜਨਵਰੀ (ਅੰਕੁਰ ਤਾਂਗੜੀ)-ਪੁਰਾਣੀ ਪੈਨਸ਼ਨ ਦੀ ਮੰਗ ਨੂੰ ਲੈ ਕੇ ਪੰਜਾਬ ਸਟੇਟ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੇ ਅਕਾਊਂਟੈਂਟਾਂ ਨੇ ਪੰਜਾਬ ਐਂਡ ਹਰਿਆਣਾ ਹਾਈਕੋਰਟ 'ਚ ਪਟੀਸ਼ਨ ਦਾਇਰ ਕੀਤੀ ਹੈ। ਨਵੀਂ ਪੈਨਸ਼ਨ ਯੋਜਨਾ (ਐਨ. ਪੀ. ਐਸ.) ਨੂੰ ਚੁਣੌਤੀ ਦੇਣ ਵਾਲੀ ਪੰਜਾਬ ਸਟੇਟ ਵੇਅਰ ਹਾਊਸਿੰਗ ਕਾਰਪੋਰੇਸ਼ਨ (ਪੀ. ਐੱਸ. ਡਬਲਿਊ. ਸੀ.) 'ਚ ਕੰਮ ਕਰ ਰਹੇ ਦਰਸ਼ਨ ਕੁਮਾਰ ਸਿੰਗਲਾ ਤੇ ਹੋਰ ਅਕਾਊਂਟੈਂਟਾਂ ਵਲੋਂ ਦਾਇਰ ਕੀਤੀ ਪਟੀਸ਼ਨ 'ਤੇ ਹਾਈਕੋਰਟ ਦੀ ਜਸਟਿਸ ਅਲਕਾ ਸਰੀਨ ਪੰਜਾਬ ਦੇ ਵਿੱਤ ਤੇ ਖੇਤੀਬਾੜੀ ਸਕੱਤਰਾਂ ਤੋਂ ਇਲਾਵਾ ਪ੍ਰਬੰਧ ਨਿਦੇਸ਼ਕ, ਪੀ. ਐੱਸ. ਡਬਲਿਊ. ਸੀ. ਨੂੰ 22 ਫਰਵਰੀ ਲਈ ਨੋਟਿਸ ਜਾਰੀ ਕੀਤਾ ਹੈ। ਪਟੀਸ਼ਨਕਰਤਾ ਦੇ ਵਕੀਲ ਰੰਜੀਵਨ ਸਿੰਘ ਨੇ ਬੈਂਚ ਨੂੰ ਦੱਸਿਆ ਪਟੀਸ਼ਨ ਦਾਖਲ ਕਰਨ ਵਾਲਿਆਂ ਨੂੰ 1998-2000 ਦੇ ਦੌਰਾਨ ਸੰਧੀ ਦੇ ਆਧਾਰ 'ਤੇ ਨਿਯੁਕਤ ਕੀਤਾ ਗਿਆ ਸੀ ਤੇ ਫਰਵਰੀ 2011 'ਚ ਰੈਗੂਲਰ ਕੀਤਾ ਗਿਆ ਸੀ। ਖਾਤੇ ਰਾਹੀਂ ਪੁਰਾਣੀ ਪੈਨਸ਼ਨ ਯੋਜਨਾ ਦੇ ਤਹਿਤ ਲਿਆਇਆ ਗਿਆ ਸੀ, ਪਰ ਉਨ੍ਹਾਂ ਨੂੰ ਜੂਨ 2019 ਵਿਚ ਉਨ੍ਹਾਂ ਨੂੰ ਨਵੀਂ ਪੈਨਸ਼ਨ ਯੋਜਨਾ ਦੇ ਅਧੀਨ ਕਰ ਦਿੱਤਾ ਗਿਆ। ਰੈਗੂਲਰ ਹੋਣ 'ਤੇ ਪਟੀਸ਼ਨ ਕਰਤਾਵਾਂ ਨੇ ਜੀ. ਪੀ. ਐਫ ਖਾਤੇ ਰਾਹੀਂ ਪੁਰਾਣੀ ਪੈਨਸ਼ਨ ਯੋਜਨਾ ਦੇ ਤਹਿਤ ਲਿਆਇਆ ਗਿਆ ਸੀ, ਪਰ ਉਨ੍ਹਾਂ ਨੂੰ ਜੂਨ 2019 'ਚ ਉਨ੍ਹਾਂ ਨੂੰ ਨਵੀਂ ਪੈਨਸ਼ਨ ਯੋਜਨਾ ਦੇ ਅਧੀਨ ਕਰ ਦਿੱਤਾ ਗਿਆ। ਇਹ ਪੈਨਸ਼ਨ 1 ਜਨਵਰੀ 2004 ਨੂੰ ਜਾਂ ਉਸ ਤੋਂ ਬਾਅਦ ਭਰਤੀ ਕੀਤੇ ਕਰਮਚਾਰੀਆਂ ਲਈ ਹੈ। ਉਨ੍ਹਾਂ ਨੇ ਇਸ ਦਾ ਵਿਰੋਧ ਕੀਤਾ ਕਿਉਂਕਿ ਪਟੀਸ਼ਨ ਕਰਤਾਵਾਂ ਨੂੰ 1 ਜਨਵਰੀ 2004 ਤੋਂ ਪਹਿਲਾਂ ਨਿਯੁਕਤ ਕੀਤਾ ਗਿਆ ਸੀ ਤੇ ਉਨ੍ਹਾਂ ਦੀ ਨੌਕਰੀ ਨੂੰ ਧਿਆਨ 'ਚ ਰੱਖਦੇ ਹੋਏ ਉਕਤ ਤਰੀਕ ਤੋਂ ਬਾਅਦ ਹੀ ਰੈਗੂਲਰ ਕੀਤਾ ਗਿਆ ਸੀ। ਹਰਬੰਸ ਲਾਲ ਮਾਮਲੇ 'ਚ ਕੋਰਟ ਪਹਿਲਾਂ ਹੀ ਇਕ ਆਦੇਸ਼ ਕਰ ਚੁੱਕਿਆ ਹੈ ਕਿ ਸਮਝੌਤੇ, ਕੰਮ ਦਾ ਚਾਰਜ਼, ਡੇਲੀਵੇਜ ਜਾਂ ਇਸ਼ਤਿਹਾਰ 'ਤੇ 1 ਜਨਵਰੀ 2004 ਤੋਂ ਪਹਿਲਾਂ ਨਿਯੁਕਤ ਕਰਮਚਾਰੀ ਪੰਜਾਬ ਸਿਵਲ ਸੇਵਾ ਨਿਯਮਾਂ ਦੇ ਵਿਵਸਥਾਵਾਂ ਨੂੰ ਧਿਆਨ 'ਚ ਰੱਖਦਿਆਂ ਪੁਰਾਣੀ ਪੈਨਸ਼ਨ ਯੋਜਨਾ ਦੇ ਹੱਕਦਾਰ ਹਨ, ਪਰ ਪੰਜਾਬ ਸਰਕਾਰ ਉਨ੍ਹਾਂ ਨੂੰ ਨਵੀਂ ਪੈਨਸ਼ਨ ਦੇ ਦਾਇਰੇ ਵਿਚ ਲਿਆ ਰਹੀ ਹੈ। ਉਕਤ ਦਲੀਲ ਸੁਣਨ ਤੋਂ ਬਾਅਦ ਹਾਈ ਕੋਰਟ ਨੇ ਸਾਰੇ ਮੁੱਢਲੇ ਪੱਖ ਨੂੰ ਨੋਟਿਸ ਜਾਰੀ ਕਰ ਜਵਾਬ ਦਰਜ ਕਰਨ ਦਾ ਆਦੇਸ਼ ਦਿੱਤਾ ਹੈ।